

# Apple Health ਐਕਸਪੈਨਸ਼ਨ

***ਵਾੱਸ਼ਿੰਗਟਨ ਵਿੱਚ ਪ੍ਰਵਾਸੀਆਂ ਦੀ ਸਿਹਤ ਕਵਰੇਜ ਦਾ ਪਸਾਰ ਕਰਨਾ, ਕਿਉਂਕਿ ਤੁਹਾਡੀ ਸਿਹਤ ਮਾਅਨੀ ਰੱਖਦੀ ਹੈ***

ਵਾੱਸ਼ਿੰਗਟਨ Apple Health ਕਵਰੇਜ ਇਮੀਗ੍ਰੇਸ਼ਨ ਦੀਆਂ ਕੁਝ ਕਾਨੂੰਨੀ ਸਥਿਤੀਆਂ ਵਾਲੇ 19 ਸਾਲ ਅਤੇ ਵੱਧ ਉਮਰ ਦੇ ਬਾਲਗ਼ਾਂ ਲਈ ਪਸਾਰ ਕਰ ਰਹੀ ਹੈ। ਇਸ ਨਵੇਂ ਪ੍ਰੋਗਰਾਮ ਨੂੰ Apple Health ਐਕਸਪੈਨਸ਼ਨ ਕਿਹਾ ਜਾਂਦਾ ਹੈ।

## ਘੇਰੇ ਹੇਠਲੀਆਂ ਸੇਵਾਵਾਂ

### ਮੈਡੀਕਲ

- ਪ੍ਰਦਾਤਾ ਦੌਰੇ
- ਹਸਪਤਾਲ ਦੀਆਂ ਸੇਵਾਵਾਂ
- ਮੁੜ-ਵਸੇਬਾ ਅਤੇ ਮੁਹਾਰਤ ਵਾਲੀ ਸੰਭਾਲ ਲਈ ਨਰਸਿੰਗ ਸਹੂਲਤ

### ਡੈਂਟਲ

- ਨਿਵਾਰਕ ਸੇਵਾਵਾਂ, ਮੁਆਇਨੇ ਅਤੇ ਰੋਗ-ਨਿਦਾਨ ਨਾਲ ਜੁੜੇ ਅਮਲ
- ਰੈਸਟੋਰੇਟਿਵ (ਫ਼ਿਲਿੰਗਸ), ਪੀਰੀਓਡੌਂਟਲ(ਮਸੂੜਿਆਂ ਦੀ ਬਿਮਾਰੀ), ਐਂਡੋਡੌਂਟਿਕ (ਰੂਟ ਕੈਨਾਲ) ਅਤੇ ਜਬਾੜਾ
- ਮੂੰਹ (ਦੰਦਾਂ ਸਬੰਧੀ) ਦੀ ਸਰਜਰੀ

### ਵਿਹਾਰ ਸਬੰਧੀ ਸਿਹਤ

- ਨਸ਼ੀਲੇ ਪਦਾਰਥ ਦੀ ਵਰਤੋਂ ਨਾਲ ਹੋਏ ਵਿਗਾੜ ਦੇ ਇਲਾਜ ਲਈ ਸੇਵਾਵਾਂ
- ਮਾਨਸਿਕ ਸਿਹਤ ਇਲਾਜ

### ਫਾਰਮੇਸੀ

- Apple Health ਦੀ ਤਰਜੀਹੀ ਦਵਾਈਆਂ ਦੀ ਸੂਚੀ ਬਾਰੇ ਕੈਮਿਸਟ ਤੋਂ ਲਈਆਂ ਦਵਾਈਆਂ ਅਤੇ ਨੁਸਖ਼ੇ ਵਾਲੀਆਂ ਦਵਾਈਆਂ

### 19 ਤੋਂ 20 ਸਾਲ ਦੇ ਨੌਜੁਆਨ ਬਾਲਗ਼ਾਂ ਲਈ ਖ਼ਾਸ ਸੇਵਾਵਾਂ

- ਵੈੱਲਨੈਸ ਮੁਆਇਨੇ
- ਕਾਈਰੋਪ੍ਰੈਕਟਿਕ (ਕੰਗਰੋੜ) ਸੰਭਾਲ
- ਵਿਜ਼ਨ ਹਾਰਡਵੇਅਰ
- ਔਰਥੋਡੌਂਟਿਕਸ

## ਜਿਹੜੀਆਂ ਸੇਵਾਵਾਂ ਉਪਲਬਧ ਨਹੀ ਹਨ

ਘੇਰੇ ਹੇਠਲੀਆਂ ਸੇਵਾਵਾਂ ਵਿੱਚ ਸ਼ਾਮਿਲ ਨਹੀ ਹਨ, ਪਰ ਇਹਨਾਂ ਤੱਕ ਸੀਮਤ ਨਹੀ ਹਨ:

- ਮੁਢਲੀ ਮਿਆਦੀ ਸਕ੍ਰੀਨਿੰਗ, ਰੋਗ-ਨਿਦਾਨ ਅਤੇ ਇਲਾਜ (EPSDT)
- ਸਹਾਇਕ ਨਿਗਰਾਨੀ
- ਪ੍ਰਾਈਵੇਟ ਡਿਊਟੀ ਨਰਸਿੰਗ
- ਲੰਮੀ-ਮਿਆਦ ਦੀ ਨਰਸਿੰਗ ਸਹੂਲਤ-ਸੰਭਾਲ
- ਹੈਲਥ ਹੋਮ ਪ੍ਰੋਗਰਾਮ
- ਸਾਲਸੀ ਦੀ ਸੰਭਾਲ ਵਾਲੀ ਸਹੂਲਤ

Washington Apple Health

Washington State Health Care Authority

## ਕੌਣ ਹੱਕਦਾਰ ਹੈ?

ਪ੍ਰੋਗਰਾਮ ਵਿੱਚ ਥਾਂ ਉਪਲਬਧ ਹੋਣ 'ਤੇ ਨਿਰਭਰ ਕਰਦਿਆਂ, Apple Health ਐਕਸਪੈਨਸ਼ਨ ਵਿੱਚ ਰਜਿਸਟ੍ਰੇਸ਼ਨ **hca.wa.gov/ahe-enrollment** 'ਤੇ ਹੋਰ ਜਾਣੋ।

ਤੁਸੀ Apple Health ਐਕਸਪੈਨਸ਼ਨ ਲਈ ਹੱਕਦਾਰ ਹੋ ਸਕਦੇ ਹੋ, ਜੇ ਤੁਸੀ:

- ਵਾੱਸ਼ਿੰਗਟਨ ਦੇ 19 ਸਾਲ ਜਾਂ ਵੱਧ ਉਮਰ ਦੇ ਵਸਨੀਕ ਹੋ,
- ਤੁਹਾਡੀ ਆਮਦਨ ਹੇਠਾਂ ਦਰਸਾਈ ਗਈ ਸੀਮਾ ਜਿੰਨੀ ਹੈ ਜਾਂ ਘੱਟ ਹੈ,
- ਇਮੀਗ੍ਰੇਸ਼ਨ ਦੇ ਦਰਜੇ ਦੇ ਅਧਾਰ 'ਤੇ ਤੁਸੀਂ ਕਿਸੇ ਹੋਰ Apple Health (Medicaid) ਪ੍ਰੋਗਰਾਮਾਂ ਲਈ ਯੋਗ ਨਹੀਂ ਹੋ,
  - ਉਹ ਪ੍ਰਵਾਸੀ, ਜਿਹਨਾਂ ਨੇ Apple Health ਲਈ ਹੱਕਦਾਰ ਹੋਣ ਵਾਸਤੇ ਪੰਜ-ਸਾਲ ਦੀ ਉਡੀਕ-ਮਿਆਦ ਪੂਰੀ ਨਹੀਂ ਕੀਤੀ, Apple Health ਐਕਸਪੈਨਸ਼ਨ ਲਈ ਹੱਕਦਾਰ ਨਹੀਂ ਹਨ।
- ਗਰਭਵਤੀ ਨਹੀ ਹੋ ਜਾਂ ਪਿਛਲੇ 12 ਮਹੀਨਿਆਂ ਵਿੱਚ ਗਰਭ-ਅਵਸਥਾ ਖ਼ਤਮ ਨਹੀਂ ਹੋਈ ਅਤੇ
- ਅਗਾਊਂ ਪ੍ਰੀਮੀਅਮ ਟੈਕਸ ਕ੍ਰੈਡਿਟ ਜਾਂ ਫ਼ੈਡਰਲ ਵਲੋਂ ਉਪਲਬਧ ਕਰਾਏ ਜਾਂਦੇ ਮੈਡੀਕਲ ਸਹਾਇਤਾ ਪ੍ਰੋਗਰਾਮਾਂ ਵਾਲੇ ਯੋਗ ਸਿਹਤ ਪਲਾਨਾਂ ਲਈ ਹੱਕਦਾਰ ਨਹੀਂ ਹੋ।

## ਆਮਦਨ ਦੇ ਮਿਆਰ

| ਪਰਿਵਾਰ ਵਿੱਚ ਮੈਂਬਰ | 1 | 2 | 3 | 4 | 5 |
|---|---|---|---|---|---|
| ਮਹੀਨੇਵਾਰ ਆਮਦਨ | $1 732 | $2 351 | $2 969 | $3 588 | $4 207 |
| **ਪਰਿਵਾਰ ਵਿੱਚ ਮੈਂਬਰ** | **6** | **7** | **8** | **9** | **10** |
| ਮਹੀਨੇਵਾਰ ਆਮਦਨ | $4 825 | $5 444 | $6 063 | $6 682 | $7 300 |

*ਅਪ੍ਰੈਲ 2024 ਦੇ ਮਿਆਰਾਂ 'ਤੇ ਅਧਾਰਿਤ। ਮਿਆਰ ਸਲਾਨਾ ਤੌਰ 'ਤੇ ਬਦਲ ਸਕਦੇ ਹਨ।

### ਕਿਵੇਂ ਅਪਲਾਈ ਕਰਨਾ ਹੈ

ਜੇ ਤੁਹਾਡੀ ਉਮਰ 19 ਤੋਂ 64 ਸਾਲ ਦੀ ਹੈ:

- **ਆੱਨਲਾਈਨ:** Wahealthplanfinder.org 'ਤੇ ਜਾਓ
- **ਫੋਨ:** 1-855-923-4633 'ਤੇ ਵਾੱਸ਼ਿੰਗਟਨ ਹੈਲਥਪਲਾਨਫ਼ਾਈਡਰ ਗਾਹਕ ਸਹਾਇਤਾ ਸੈਂਟਰ ਨੂੰ ਕਾੱਲ ਕਰੋ

**ਜੇ ਤੁਸੀ** 65 **ਸਾਲ ਜਾਂ ਵੱਧ ਉਮਰ ਦੇ ਹੋ**:

- **ਆੱਨਲਾਈਨ:** Washingtonconnection.org 'ਤੇ ਜਾਓ
- **ਫੋਨ:** 1-877-501-2233 'ਤੇ ਕਾੱਲ ਕਰਕੇ ਅਰਜ਼ੀ ਲਈ ਬੇਨਤੀ ਕਰਨਾ

### ਇਸ ਬਾਰੇ ਹੋਰ ਜਾਣੋ

Apple Health ਐਕਸਪੈਨਸ਼ਨ ਅਤੇ ਅਪਲਾਈ ਕਰਨ ਦੇ ਹੋਰਨਾਂ ਤਰੀਕਿਆਂ ਬਾਰੇ ਵੱਧ ਜਾਣਕਾਰੀ ਲਈ **hca.wa.gov/apple-health-expansion**'ਤੇ ਜਾਓ।

### ਹੋਰ Apple Health ਕਵਰੇਜ

ਕਲਾਇੰਟ Apple Health ਕਵਰੇਜ ਦੀਆਂ ਹੋਰ ਕਿਸਮਾਂ ਵੀ ਲੈ ਸਕਦੇ ਹਨ।

**ਇਹਨਾਂ ਲਈ ਯੋਗਤਾ ਸ਼ਰਤਾਂ ਵੇਖੋ**:

- ਬੱਚੇ: **hca.wa.gov/apple-health-children**
- ਗਰਭਵਤੀ ਲੋਕ: **hca.wa.gov/apple-health-pregnant individuals**
- ਗਰਭ-ਅਵਸਥਾ ਤੋਂ ਬਾਅਦ ਕਵਰੇਜ: **hca.wa.gov/apc**
- ਗ਼ੈਰ-ਨਾਗਰਿਕਾਂ ਲਈ Apple Health ਕਵਰੇਜ: **hca.wa.gov/apple-health-non-citizens**

